"ਸ਼ਿਵ ਜਯੰਤੀ , ਵਰਤ ਲੈਣ ਅਤੇ ਸਮਰਪਣ ਹੋਣ ਦਾ ਯਾਦਗਰ ਹੈ"

ਅੱਜ ਤ੍ਰਿਮੂਰਤੀ ਰਚਤਾ ਸ਼ਿਵ ਬਾਪ ਆਪਣੇ ਪੂਜੀਯ ਸਾਲੀਗ੍ਰਾਮਾਂ ਨੂੰ ਮਿਲਣ ਆਏ ਹਨ। ਮਿਲਣਾ ਵੀ ਹੈ ਤਾਂ ਅੱਜ ਮਨਾਉਣਾ ਵੀ ਹੈ। ਤੁਸੀਂ ਸਭ ਵਿਸ਼ਵ ਦੇ ਚਾਰੋਂ ਪਾਸੇ ਤੋਂ ਬਾਪਦਾਦਾ ਦੀ ਜਯੰਤੀ ਬੜੇ ਉਮੰਗ -ਉਤਸ਼ਾਹ ਨਾਲ ਮਨਾਉਣ ਦੇ ਲਈ ਪਹੁੰਚੇ ਹੋ। ਤੁਸੀਂ ਸਭ ਵੀ ਆਪਣੀ ਜਯੰਤੀ ਅਲੌਕਿਕ ਬਰਥ ਡੇ ਮਨਾਉਣ ਦੇ ਲਈ ਆਏ ਹੋ। ਸਾਰੇ ਕਲਪ ਵਿੱਚ ਅਜਿਹਾ ਨਿਆਰਾ ਅਤੇ ਪਿਆਰਾ ਬਰਥ ਡੇ ਕਦੀ ਹੁੰਦਾ ਨਹੀਂ ਹੈ। ਸਾਰੇ ਕਲਪ ਵਿੱਚ ਦੇਖਿਆ ਹੈ, ਇਵੇਂ ਦਾ ਬਰਥ ਡੇ ਮਨਾਇਆ ਹੈ, ਜੋ ਬਾਪ ਦਾ ਵੀ ਹੋਵੇ ਅਤੇ ਨਾਲ ਹੀ ਬੱਚਿਆਂ ਦਾ ਵੀ ਹੋਵੇ? ਕਿਉਂਕਿ ਵਿਸ਼ਵ ਪਰਿਵਰਤਨ ਦੇ ਕੰਮ ਵਿੱਚ ਸ਼ਿਵ ਬਾਪ ਬ੍ਰਹਮਾ ਦਾਦਾ ਅਤੇ ਬੱਚਿਆਂ ਦਾ ਇਕੱਠਾ ਜਨਮ ਦਿਨ ਹੈ ਮਤਲਬ ਜਯੰਤੀ ਹੈ। ਤਾਂ ਬੱਚੇ ਦਿਲ ਹੀ ਦਿਲ ਵਿੱਚ ਬਾਪ ਨੂੰ ਮੁਬਾਰਕ ਦੇ ਰਹੇ ਹਨ ਅਤੇ ਬਾਪ ਹਰ ਬ੍ਰਾਹਮਣ ਬੱਚੇ ਨੂੰ ਅਲੌਕਿਕ ਜਨਮ ਦੀ ਅਰਬ -ਖ਼ਰਬ ਤੋਂ ਵੀ ਜ਼ਿਆਦਾ ਦਿਲ ਦੀਆਂ ਦੁਆਵਾਂ ਦੇ ਨਾਲ ਮੁਬਾਰਕ ਦੇ ਰਹੇ ਹਨ। ਤਾਂ ਮੁਬਾਰਕ ਹੋਵੇ, ਮੁਬਾਰਕ ਹੋਵੇ, ਮੁਬਾਰਕ ਹੋਵ! ( ਸਭ ਨੇ ਹੱਥ ਹਿਲਾਇਆ) ਬਹੁਤ ਅੱਛਾ - ਇੱਕ ਹੱਥ ਦੀ ਤਾੜੀ ਚੰਗੀ ਲੱਗਦੀ ਹੈ, ਦੋ ਹੱਥ ਦੀ ਨਹੀਂ। ਬਹੁਤ ਖੁਸ਼ੀ ਹੈ ਨਾ, ਤਾਂ ਹੱਥ ਰੁਕਦੇ ਨਹੀਂ ਹਨ, ਚਲ ਪੈਂਦੇ ਹਨ।

ਦੁਨੀਆਂ ਵੀ ਭਗਤ ਲੋਕ ਵੀ ਸ਼ਿਵ ਜਯੰਤੀ ਬੜੇ ਧੂਮਧਾਮ ਨਾਲ ਮਨਾਉਂਦੇ ਹਨ। ਪਰ ਉਹ ਮੰਨਾਉਂਦੇ ਹਨ ਇੱਕ ਦਿਨ ਦਾ ਜਾਗਰਣ ਅਤੇ ਇੱਕ ਦਿਨ ਦਾ ਵਰਤ। ਤੁਸੀਂ ਬੱਚਿਆਂ ਨੇ ਅਗਿਆਨ ਨੀਂਦ ਨਾਲ ਜਾਗਰਣ ਦਾ ਸੰਕਲਪ ਇਕ ਦਿਨ ਦੇ ਲਈ ਨਹੀਂ ਕੀਤਾ ਹੈ, ਜਾਗਰਣ ਉਹ ਵੀ ਕਰਦੇ ਪਰ ਤੁਹਾਡੇ ਇੱਕ ਸੰਗਮ ਯੁਗ ਦਾ ਹੀਰੇ ਤੁਲਜ ਜਨਮ ਜਾਗਰਣ ਕੀਤਾ ਹੈ ਅਤੇ ਕਰ ਰਹੇ ਹਨ। ਜਾਗ ਗਏ ਹਨ ਨਾ, ਹੁਣ ਫਿਰ ਸੋਣਗੇ ਤਾਂ ਨਹੀਂ ਨਾ! ਜਾਂ ਥੋੜਾ - ਥੋੜਾ ਸੋ ਜਾਓਗੇ! ਅੱਛਾ ਸੁੱਤੇ ਨਹੀਂ ਤਾਂ ਥੋੜ੍ਹਾ ਝੂਟਕਾ ਖਾ ਲੈਣਗੇ! ਇਹ ਜਾਗਰਣ ਅਜਿਹਾ ਜਾਗਰਣ ਹੈ ਜੋ ਖੁਦ ਤਾਂ ਜਾਗ ਜਾਂਦੇ ਹਨ ਪਰ ਹੋਰਾਂ ਨੂੰ ਵੀ ਜਗਾਉਂਦੇ ਹਨ। ਗਿਆਨ ਦੀ ਜੀਵਨ ਵਿੱਚ ਜਾਗਰਣ ਮਤਲਬ ਹਨ੍ਹੇਰੇ ਤੋਂ ਰੋਸ਼ਨੀ ਵਿੱਚ ਆਉਣਾ। ਇਹ ਅਲੌਕਿਕ ਜਾਗਰਣ ਸਭ ਨੂੰ ਚੰਗਾ ਲੱਗਦਾ ਹੈ ਨਾ! ਜਦੋਂ ਤੋਂ ਜਨਮ ਲਿਆ, ਜਯੰਤੀ ਮਨਾਈ ਉਦੋ ਤੋਂ ਕੀ - ਕੀ ਵਰਤ ਲਿਆ? ਯਾਦ ਹੈ ਨਾ! ਬੱਚੇ ਕਹਿੰਦੇ ਹਨ ਯਾਦ ਤਾਂ ਕੀ, ਸਾਡੀ ਤਾਂ ਨੇਚਰੁਲ ਜੀਵਨ ਹੀ ਵਰਤ ਦੀ ਹੋ ਗਈ। ਪਵਿੱਤਰ ਆਹਾਰ, ਪਵਿੱਤਰ ਵਿਵਹਾਰ ਅਤੇ ਪਵਿੱਤਰ ਵਿਚਾਰ ਇਹ ਜੀਵਨ ਬਣ ਗਈ। ਇੱਕ ਮਹੀਨੇ ਦੇ ਲਈ, ਦੋ ਮਹੀਨੇ ਦੇ ਲਈ ਨਹੀਂ, ਜੀਵਨ ਹੀ ਵਰਤ ਧਾਰਨ ਕਰਨ ਵਾਲੀ ਬਣ ਗਈ। ਨੇਚਰੁਲ ਬਣ ਗਈ ਅਤੇ ਨੇਚਰ ਬਣ ਗਈ। ਪਵਿੱਤਰਤਾ ਦੀ ਨੇਚਰ ਬਣ ਗਈ ਹੈ ਨਾ! ਨੇਚਰ ਬਣ ਗਈ ਹੈ ਜਾਂ ਬਣਾਉਣੀ ਪੈਂਦੀ ਹੈ? ਬਣ ਗਈ ਹੈ ਨਾ? ਸਿਰਫ਼ ਮੋਢਾ ਹਿਲਾਓ ਬਸ। ਬਣ ਗਈ? ਅਪਵਿਤ੍ਰਤਾ ਨੇਚਰ ਤੋਂ ਖ਼ਤਮ ਹੋ ਗਈ ਅਤੇ ਪਵਿੱਤਰਤਾ ਜੀਵਨ ਵਿੱਚ ਸਮਾ ਗਈ। ਅਜਿਹੇ ਹੀਰੇ ਵਰਗੀ ਸ਼ਿਵ ਜਯੰਤੀ ਅਤੇ ਸਾਲੀਗ੍ਰਾਮ ਜਯੰਤੀ ਮਨਾ ਲੀਤੀ। ਚਾਰੋਂ ਪਾਸੇ ਦੇ ਦੇਸ਼ - ਵਿਦੇਸ਼ ਦੇ ਬੱਚੇ ਵੀ ਨਾਲ - ਨਾਲ ਮਨਾ ਰਹੇ ਹਨ। ਬਾਪਦਾਦਾ ਦੇਖ ਰਹੇ ਹਨ ਕਿ ਚਾਰੋਂ ਪਾਸੇ ਦੇ ਬਾਪ ਨਾਲ ਅਤੇ ਤੁਹਾਡੇ ਨਾਲ ਉਹ ਵੀ ਕਿੰਨੇ ਖੁਸ਼ ਹੋ ਰਹੇ ਹਨ।

ਅੱਜ ਦੇ ਦਿਨ ਵਿਸ਼ੇਸ਼ ਭਗਤ ਲੋਕ ਤੁਹਾਡਾ ਯਾਦਗਾਰ ਬਲੀ ਵੀ ਚੜ੍ਹਾਉਂਦੇ ਹਨ। ਤੁਸੀਂ ਸਭ ਮਨ -ਵਚਨ -ਕਰਮ ਨਾਲ ਬਾਪ ਦੇ ਅੱਗੇ ਸਮਰਪਣ ਹੁੰਦੇ ਹੋ, ਉਸੀ ਦਾ ਯਾਦਗਾਰ ਭਗਤ ਲੋਕ ਆਪਣੇ ਨੂੰ ਬਲੀ ਨਹੀਂ ਚੜਾਉਂਦੇ, ਬੱਕਰੇ ਦੀ ਬਬਲੀ ਚੜਾ ਦਿੰਦੇ ਹਨ। ਹੋਰ ਕੋਈ ਨਹੀਂ ਮਿਲਿਆ, ਬਕਰਾ ਹੀ ਕਿਉਂ ਮਿਲਿਆ? ਇਸਦਾ ਵੀ ਰਾਜ਼ ਤੁਸੀਂ ਜਾਣਦੇ ਹੋ, ਕਿਉਂਕਿ ਸਭਤੋਂ ਵੱਡੇ ਤੋਂ ਵੱਡਾ ਦੇਹ - ਅਭਿਮਾਨ ਹੈ "ਮੈਂ ਪਨ"। ਇਹ "ਮੈਂ ਪਨ" ਜਦੋਂ ਅਰਪਨ ਕਰ ਲੈਂਦੇ ਹੋ ਉਦੋਂ ਹੀ ਬ੍ਰਾਹਮਣ ਬਣਦੇ ਹੋ। ਤਾਂ ਬਕਰਾ ਵੀ ਕੀ ਕਰਦਾ ਹੈ? ਮੈਂ, ਮੈਂ ...ਤਾਂ ਇਹ ਦੇਹ - ਅਭਿਮਾਨ ਦੇ ਮੈਂ -ਪਨ ਦੀ ਨਿਸ਼ਾਨੀ ਹੈ ਅਤੇ ਦੇਹ - ਅਭਿਮਾਨ ਦਾ ਮੈਂ -ਪਨ ਬਹੁਤ ਸੂਕ੍ਸ਼੍ਮ ਵੀ ਹੈ ਅਤੇ ਵੱਖ - ਵੱਖ ਤਰ੍ਹਾਂ ਦਾ ਵੀ ਹੈ। ਸੱਭਤੋਂ ਪਹਿਲਾਂ ਮੈਂ ਪਨ ਹੈ - ਮੈਂ ਸ਼ਰੀਰ ਹਾਂ, ਫਲਾਣਾ ਹਾਂ। ਫਿਰ ਅੱਗੇ ਚੱਲੋ ਤਾਂ ਸੰਬੰਧ ਵਿੱਚ ਫਸਣ ਦਾ ਵੀ ਵੱਖ - ਵੱਖ ਮੈਂ -ਪਨ ਹੈ। ਅਤੇ ਅੱਗੇ ਚਲੋ ਤਾਂ ਵੱਖ - ਵੱਖ ਪੋਜੀਸ਼ਨ ਦਾ ਵੀ ਮੈਂ -ਪਨ ਹੈ। ਉਸਤੋਂ ਵੀ ਸੂਕ੍ਸ਼੍ਮ ਆਪਣੀ ਵਿਸ਼ੇਸ਼ਤਾ ਦਾ ਮੈਂ -ਪਨ ਹੈ। ਉਸ ਵਿੱਚ ਵੀ ਸੂਕ੍ਸ਼੍ਮ ਆਪਣੀ ਵਿਸ਼ੇਸ਼ਤਾ ਦਾ ਮੈਂ -ਪਨ ਉੱਪਰ ਤੋਂ ਥੱਲੇ ਲੈ ਆਉਂਦਾ। ਵਿਸ਼ੇਸ਼ਤਾ ਹਰ ਇੱਕ ਵਿੱਚ ਹੈ, ਇਵੇਂ ਦਾ ਕੋਈ ਵੀ ਮਨੁੱਖ ਆਤਮਾ ਨਹੀਂ ਹੈ ਜਿਸ ਵਿੱਚ ਭਾਵੇਂ ਸਥੂਲ, ਭਾਵੇਂ ਸੂਕ੍ਸ਼੍ਮ ਕੋਈ ਵੀ ਵਿਸ਼ੇਸ਼ਤਾ ਨਾ ਹੋਵੇ, ਇਹ ਨਹੀਂ। ਗਿਆਨੀ ਜੀਵਨ ਵਿੱਚ ਵਿੱਚ ਹਰ ਬ੍ਰਾਹਮਣ ਦੇ ਅੰਦਰ ਘੱਟ ਤੋਂ ਘੱਟ ਇੱਕ ਵਿਸ਼ੇਸ਼ਤਾ ਜਰੂਰ ਹੈ, ਪਰ ਗਿਆਨੀ ਜੀਵਨ ਵਿੱਚ ਵਿਸ਼ੇਸ਼ਤਾ ਪਰਮਾਤਮ ਦੇਣ ਹੈ, ਪਰਮਾਤਮਾ ਦੀ ਸੌਗਾਤ ਹੈ। ਜਦੋਂ ਪਰਮਾਤਮਾ ਦੀ ਦੇਣ ਨੂੰ ਦੇਹ -ਅਭਿਮਾਨ ਵਸ਼ ਮੈਂ -ਪਨ ਵਿੱਚ ਲਿਆਉਂਦੇ ਹਨ, ਮੈਂ ਇਵੇਂ ਹਾਂ, ਇਹ ਰਾਇਲ ਅਭਿਮਾਨ ਵੱਡੇ ਤੇ ਵੱਡਾ ਮੈਂ -ਪਨ ਹੈ। ਤਾਂ ਸਮਰਪਣ ਤਾਂ ਹੋਏ ਹੀ ਹਨ ਪਰ ਅੱਗੇ ਕੀ ਦੇਖਣਾ ਹੈ?

ਟੀਚਰਸ ਸਭ ਆਪਣੇ ਨੂੰ ਕੀ ਕਹਿੰਦੀ ਹੈ? ਸਮਰਪਣ ਹੈ ਨਾ! ਟੀਚਰਸ ਸਭ ਸਮਰਪਣ ਹਨ? ਅੱਛਾ - ਪ੍ਰਵ੍ਰਿਤੀ ਵਿੱਚ ਰਹਿਣ ਵਾਲੇ ਸਮਰਪਣ ਹਨ ਨਾ! ਹਾਂ ਜਾਂ ਨਾ? ਪਾਂਡਵ ਸਮਰਪਣ ਹਨ? ਬਹੁਤ ਵਧੀਆ ਮੁਬਾਰਕ ਹੋਵੇ। ਅੱਗੇ ਕੀ ਕਰਨਾ ਹੈ? ਸਮਰਪਣ ਤਾਂ ਹੋ

ਗਏ, ਬਹੁਤ ਵਧੀਆ। ਹੁਣ ਅੱਗੇ ਇਹ ਚੈਕ ਕਰਨਾ ਹੈ, ਦੱਸੀਏ ਕੀ? ਤੁਸੀਂ ਕਹੋਗੇ ਸਮਰਪਣ ਤਾਂ ਹੈ ਨਾ ਫਿਰ ਕੀ ਕਰਨਾ ਹੈ? ਤਾਂ ਇੱਕ ਹੈ ਸਮਰਪਣ ਅਤੇ ਅੱਗੇ ਹੈ ਸਰਵ ਸਮਰਪਣ। ਸਰਵ ਵਿੱਚ ਵਿਸ਼ੇਸ਼ ਅੰਡਰਲਾਇਨ ਹੈ ਆਪਣੇ ਮਨ - ਬੁੱਧੀ -ਸੰਸਕਾਰ ਸਹਿਤ ਸਮਰਪਣ ਕਿਉਂਕਿ ਜਿੰਨਾਂ ਅੱਗੇ ਵਧਦੇ ਹੋ, ਪੁਰਸ਼ਾਰਥ ਵਿੱਚ ਤੀਵਰਗਤੀ ਨਾਲ ਕਦਮ ਉਠਾਉਂਦੇ ਹੋ ਅਤੇ ਉਠਾ ਵੀ ਰਹੇ ਹੋ ਪਰ ਵਰਤਮਾਨ ਵਾਯੂਮੰਡਲ ਪ੍ਰਮਾਣ ਬ੍ਰਾਹਮਣ ਜੀਵਨ ਵਿੱਚ ਮਨ ਅਤੇ ਬੁੱਧੀ ਦੇ ਉਪਰ ਵਿਅਰਥ ਦਾ ਪ੍ਰਭਾਵ, ਬੁਰਾ ਨਹੀਂ, ਬੁਰਾ ਖ਼ਤਮ ਹੋਇਆ ਪਰ ਵਿਅਰਥ ਅਤੇ ਨੇਗਟਿਵ ਦਾ ਪ੍ਰਭਾਵ ਜਿਆਦਾ ਹੈ, ਇਸਲਈ ਅਸਲ ਅਤੇ ਸਤ ਨਿਰਣੈ ਕਰਨ ਦੀ ਮਹਿਸੂਸਤਾ ਸ਼ਕਤੀ ਘਟ ਹੋ ਜਾਂਦੀ ਹੈ। ਸਮਝ ਨਾਲ ਮਹਿਸੂਸਤਾ ਹੁੰਦੀ ਹੈ - ਹਾਂ ਇਹ ਰਾਂਗ ਹੈ, ਇਹ ਠੀਕ ਨਹੀਂ ਹੈ ਪਰ ਇੱਕ ਹੈ ਵਿਵੇਕ ਨਾਲ ਮਹਿਸੂਤਾ, ਦੂਸਰਾ ਹੈ ਦਿਲ ਨਾਲ ਮਹਿਸੁਸਤਾ, ਜੇਕਰ ਦਿਲ ਨਾਲ ਕਿਸੇ ਵੀ ਗੱਲ ਨੂੰ ਮਹਿਸੂਸ ਕਰ ਲਿਆ ਤਾਂ ਦੁਨੀਆਂ ਬਦਲ ਜਾਏ ਪਰ ਖੁਦ ਨਹੀਂ ਬਦਲੇਗਾ। ਅਤੇ ਸੰਸਕਾਰ, ਪੁਰਾਣੇ 63 ਜਨਮਾਂ ਦੇ ਹੋਣ ਦੇ ਕਾਰਨ ਨੇਚਰੁਲ ਹੋ ਗਏ ਹਨ, ਜਿਸਨੂੰ ਦੂਸਰੇ ਸ਼ਬਦਾ ਵਿੱਚ ਕਹਿੰਦੇ ਹੋ ਇਹ ਗਲਤੀ ਨਹੀਂ ਹੈ ਪਰ ਮੇਰੀ ਨੇਚਰ ਹੈ। ਤਾਂ ਪੁਰਾਣੇ ਸੰਸਕਾਰ ਕੁਝ ਮਿਟਦੇ ਹਨ, ਕੁਝ ਦੱਬ ਜਾਂਦੇ ਹਨ ਫਿਰ ਨਿਕਲ ਆਉਂਦੇ ਹਨ। ਪਰ ਸਰਵ ਸਮਰਪਣ ਦਾ ਅਰਥ ਹੈ - ਮਨ ਦਾ ਭਾਵ ਅਤੇ ਭਾਵਨਾ ਹਰ ਆਤਮਾ ਦੇ ਪ੍ਰਤੀ ਪਰਿਵਰਤਨ ਹੋ ਜਾਏ , ਜਿਸਨੂੰ ਬਾਪਦਾਦਾ ਕਹਿੰਦੇ ਹਨ ਕਿਵੇਂ ਦੀ ਵੀ ਆਤਮਾ ਹੋਵੇ, ਵੱਖ - ਵੱਖ ਤਾਂ ਹੋਵੇਗੀ ਹੀ, ਕਲਪ ਵਰੀਕ੍ਸ਼ ਹੈ, ਵਰਾਇਟੀ ਨਹੀਂ ਹੋਵੇ ਤਾਂ ਸ਼ੋਭਾ ਨਹੀਂ ਪਰ ਹਰ ਆਤਮਾ ਦੇ ਪ੍ਰਤੀ ਸ਼ੁਭ ਭਾਵਨਾ ਅਤੇ ਸ਼ੁਭ ਕਾਮਨਾ। ਅਸ਼ੁਭ ਭਾਵਨਾ ਨੂੰ ਵੀ ਪਰਿਵਰਤਨ ਕਰ ਸ਼ੁਭ ਭਾਵਨਾ ਰੱਖਣਾ ਅਤੇ ਸ਼ੁਭ ਭਾਵਨਾ ਦੇਣਾ। ਹਰ ਆਤਮਾ ਦੇ ਪ੍ਰਤੀ ਸ਼ੁਭ ਕਾਮਨਾ, ਇਹ ਜ਼ਰੂਰ ਬਦਲਣਗੇ। ਇਵੇਂ ਨਹੀਂ ਕੀ ਇਹ ਤੇ ਬਦਲਦਾ ਹੀ ਨਹੀਂ ਹੈ, ਉਸਦੇ ਪ੍ਰਤੀ ਜੱਜ ਬਣਕੇ ਜਜਮੈਂਟ ਨਹੀਂ ਦਵੋ, ਇਹ ਬਦਲਦਾ ਹੀ ਨਹੀਂ ਹੈ। ਜਦੋਂ ਚੈਲੇਂਜ ਕੀਤੀ ਹੈ ਕਿ ਪ੍ਰਕ੍ਰਿਤੀ ਨੂੰ ਵੀ ਪਰਿਵਰਤਨ ਕਰ ਸਤੋਂਗੁਣੀ ਬਣਨਾ ਹੀ ਹੈ, ਬਣਨਾ ਹੀ ਹੈ। ਬਣੇਗੀ, ਨਹੀਂ ਬਣੇਗੀ - ਕਵੇਸ਼ਨ ਨਹੀਂ, ਬਣਨਾ ਹੀ ਹੈ। ਹੀ ਸ਼ਬਦ ਨੂੰ ਅੰਡਰਲਾਇਨ ਕੀਤਾ ਹੈ। ਤਾਂ ਕੀ ਪ੍ਰਕ੍ਰਿਤੀ ਬਦਲ ਸਕਦੀ ਹੈ, ਆਤਮਾ ਨਹੀਂ ਬਦਲ ਸਕਦੀ? ਆਤਮਾ ਤਾਂ ਪ੍ਰਕ੍ਰਿਤੀ ਦਾ ਪੁਰਸ਼ ਹੈ। ਤਾਂ ਪ੍ਰਕ੍ਰਿਤੀ ਬਦਲੇ ਪੁਰਸ਼ ਨਹੀਂ ਬਦਲੇ ਕਿਉਂ? ਤਾਂ ਵਰਤਮਾਨ ਸਮੇਂ ਇਹ ਮਨ -ਬੁੱਧੀ -ਸੰਸਕਾਰ ਖੁਦ ਦੇ ਪਰਿਵਰਤਨ ਅਤੇ ਸਰਵ ਦੇ ਪਰਿਵਰਤਨ - ਇਹੀ ਸੇਵਾ ਹੈ।

ਸਭ ਪੁੱਛਦੇ ਹਨ - ਇਸ ਵਰ੍ਹੇ ਵਿੱਚ ਕੀ ਕਰਨਾ ਹੈ? ਤਾਂ ਡਬਲ ਸੇਵਾ ਕਰਨੀ । ਇੱਕ ਤਾਂ ਖੁਦ ਨੂੰ ਸਰਵ ਸਮਰਪਣ ਅਤੇ ਐਨਾ ਖੁਦ ਨੂੰ ਸਮਰਪਣ ਕਰੋ ਜੋ ਤੁਹਾਡਾ ਵਾਯੂਮੰਡਲ, ਤੁਹਾਡਾ ਵਾਈਬ੍ਰੇਸ਼ਨ, ਤੁਹਾਡਾ ਸੰਗ, ਤੁਹਾਡੀ ਦਿਲ ਦਾ ਸਹਿਯੋਗ, ਤੁਹਾਡੇ ਦਿਲ ਦੀਆਂ ਦੁਆਵਾਂ ਹੋਰਾਂ ਨੂੰ ਵੀ ਸਹਿਜ ਪਰਿਵਰਤਨ ਕਰਨ ਵਿੱਚ ਸਹਿਯੋਗ ਦਵੇ। ਐਨਾ ਖੁਦ ਨੂੰ ਪਰਿਵਰਤਨ ਕਰਨਾ ਹੈ। ਸਰਵ ਸਮਰਪਿਤ ਕਰਨਾ ਹੈ। ਇਹ ਇਹ ਸੇਵਾ ਅਤੇ ਦੂਸਰੀ ਹੈ ਲੋਕ ਸੇਵਾ, ਰਿਜ਼ਲਟ ਵਿੱਚ ਦੇਖਿਆ ਹੈ ਕਿ ਚਾਰੋਂ ਪਾਸੇ ਦੇਸ਼ ਵਿੱਚ, ਵਿਦੇਸ਼ ਵਿੱਚ, ਪਿੰਡ ਵਿੱਚ, ਪਿੰਡ ਵਿੱਚ ਸਭ ਬ੍ਰਾਹਮਣ ਬੱਚਿਆਂ ਨੇ ਹੁਣ ਤਕ ਜੋ ਸੇਵਾ ਕੀਤੀ ਹੈ, ਬਾਪ ਦੀ ਮੁਹੱਬਤ ਨਾਲ ਕੀਤੀ ਹੈ, ਉਸਨੂੰ ਤਾਂ ਬਾਪਦਾਦਾ ਬਹੁਤ -ਬਹੁਤ ਮੁਬਾਰਕ ਦਿੰਦੇ ਹਨ। ਅਗੇ ਕੀ ਕਰਨਾ ਹੈ?

ਬਾਪਦਾਦਾ ਨੇ ਦੇਖਿਆ ਜੋ ਬ੍ਰਾਹਮਣ ਬਣੇ ਹਨ, ਬ੍ਰਾਹਮਣਾਂ ਦੀ ਵੀ ਵ੍ਰਿਧੀ ਹੈ ਅਤੇ ਹੋਰ ਵੀ ਤੇਜ਼ ਗਤੀ ਨਾਲ ਵਾਧਾ ਹੋਣਾ ਹੈ। ਪਰ ਨਾਲ ਜੋ ਲੋਕ ਪ੍ਰਿਯ ਸੇਵਾ ਕੀਤੀ ਹੈ, ਭਿੰਨ - ਭਿੰਨ ਪ੍ਰੋਜੈਕਟ ਦਵਾਰਾ ਸੇਵਾ ਹੋ ਰਹੀ ਹੈ, ਉਹ ਬਹੁਤ ਵਧੀਆ ਹੈ। ਹੁਣ ਭਿੰਨ - ਭਿੰਨ ਸਥਾਨਾਂ ਤੇ ਸਹਿਯੋਗੀ ਆਤਮਾਵਾਂ ਚੰਗੀ ਨਿਮਿਤ ਬਣਿਆਂ ਹਨ। ਸਹਿਯੋਗ ਤਾਂ ਬਹੁਤ ਚੰਗੇ ਹਨ, ਇੱਕ ਕਦਮ ਸਹਿਯੋਗ ਦਾ ਹੈ, ਇੱਕ ਪੈਰ ਤਾਂ ਵਧਾਇਆ ਹੈ ਪਰ ਦੂਸਰਾ ਪੈਰ ਹੈ - ਸਹਿਯੋਗੀ, ਕਰਮਯੋਗੀ। ਕਰਮਯੋਗੀ ਜਾਂ ਸਹਿਯੋਗੀ ਵੀ ਕੁਝ ਕੁਝ ਬਣ ਗਏ ਹਨ, ਇਹ ਵੀ ਸਟੇਜ ਦੂਸਰੀ ਹੈ। ਹੁਣ ਅਜਿਹੀ ਆਤਮਾਵਾਂ ਪ੍ਰਕਟਿਕਲ ਸਵਰੂਪ ਨਾਲ ਸਟੇਜ ਤੇ ਪਾਰ੍ਟ ਵਜਾਏ। ਮਾਇਕ ਸਟੇਜ ਤੇ ਹੁੰਦਾ ਹੈ ਨਾ ! ਤਾਂ ਮਾਇਕ ਬਣ ਸੇਵਾ ਦੀ ਸਟੇਜ ਤੇ ਪ੍ਰਤੱਖ ਸਵਰੂਪ ਵੀ ਆਉਣਗੇ ਜਰੂਰ। ਤੁਸੀਂ ਮਾਇਟ ਹੋ, ਉਹ ਮਾਇਕ। ਜਿਵੇਂ ਬ੍ਰਹਮਾ ਬਾਪ ਅਵਿੱਅਕਤ ਰੂਪ ਵਿੱਚ ਮਾਇਟ ਹੈ, ਅਤੇ ਤੁਸੀਂ ਬੱਚਿਆਂ ਨੂੰ ਮਾਇਕ ਬਣਾਇਆ, ਇਵੇਂ ਤੁਸੀਂ ਮਾਇਟ ਬਣੋ ਅਤੇ ਇਵੇਂ ਮਾਇਕ ਤਿਆਰ ਕਰੋ। ਹੈ, ਬਹੁਤ ਚੰਗੇ -ਚੰਗੇ ਉਮੀਦਵਾਰ ਫਾਸਟ ਜਾਣ ਵਾਲੇ ਹਨ, ਸਿਰਫ਼ ਹੁਣ ਹੋਰ ਅਜਿਹੀਆਂ ਆਤਮਾਵਾਂ ਦੇ ਕਨੈਕਸ਼ਨ ਨੂੰ ਵਧਾਉਣ ਦੀ ਜਰੂਰਤ ਹੈ। ਉਹ ਚਹੁੰਦੇ ਹਨ ਕੀ ਕਰੀਏ, ਕਿਵੇਂ ਕਰੀਏ, ਉਹਨਾਂ ਨੂੰ ਹੀ ਮਾਇਟ ਬਣ ਵਿਧੀ ਅਜਿਹੀ ਸੁਣਾਓ ਜੋ ਲੌਕਿਕ ਆਕੂਪੇਸ਼ਨ ਅਲੌਕਿਕ ਸੇਵਾ ਦੋਵਾਂ ਦਾ ਬੈਲੇਂਸ ਰੱਖਦੇ ਹੋਏ ਲਾਸ੍ਟ ਸੋ ਫਾਸਟ, ਫਾਸਟ ਸੋ ਫਸਟ, ਦੀ ਲਾਇਨ ਵਿੱਚ ਆ ਜਾਣ। ਇਵੇਂ ਹਨ, ਪ੍ਰਤੱਖ ਹੋਣੇ ਹਨ। ਸਿਰਫ਼ ਕਨੈਕਸ਼ਨ ਅਤੇ ਕਰੰਟ ਦਵੋ, ਰੂਹਾਨੀਅਤ ਦੀ ਕਰੰਟ, ਵਾਈਬ੍ਰੇਸ਼ਨ, ਵਾਯੂਮੰਡਲ ਦੀ ਕਰੰਟ ਅਤੇ ਵਿਧੀ, ਜੋ ਨਿਮਿਤ ਬਣੇ ਕਿ ਬੈਲੇਂਸ ਰੱਖਣ ਵਲੀ ਜੀਵਨ ਬਹੁਤ ਚੰਗੀ ਅਤੇ ਸਹਿਜ ਹੈ। ਠੀਕ ਹੈ ਨਾ! ਕੀ ਕਰਨਾ ਹੈ, ਉਹ ਸੁਣ ਲਿਆ ਨਾ!

ਛੋਟਾ -ਛੋਟਾ ਗੁਲਦਸਤਾ ਤਾਂ ਤਿਆਰ ਕਰੋ। ਚਲੋ ਵੱਡਾ ਗੁਲਦਸਤਾ ਨਹੀਂ, 5 ਫੁਲਾ ਦਾ, 10 ਫੁਲਾ ਦਾ ਗੁਲਦਸਤਾ ਤਾਂ ਲਿਆਓ। ਹੋਰ ਹਰ ਪਾਸੇ ਬਾਪਦਾਦਾ ਦੀ ਨਜ਼ਾਰਾ ਵਿੱਚ ਹੈ। ਸੁਣਿਆ! ਪਾਂਡਵ ਸੁਣਿਆ? ਬਹੁਤ ਅੱਛਾ।

ਡਬਲ ਫਾਰਨੇਰਸ ਜੰਪ ਨਹੀਂ ਪਰ ਉੱਡ ਰਹੇ ਹਨ, ਤਾਂ ਪਹਿਲਾ ਗੁਲਦਸਤਾ ਵਿਦੇਸ਼ ਲਿਆਏਗਾ ਜਾਂ ਭਾਰਤ ਲਿਆਏਗਾ? ਕੌਣ ਲਿਆਉਣਗੇ? ਕਿ ਦੋਵੇਂ ਨਾਲ ਲਿਆਉਣਗੇ? ਇਕ ਪਾਸੇ ਤੋਂ ਫਰੇਂਨ ਦਾ, ਇੱਕ ਪਾਸੇ ਭਾਰਤ ਦਾ, ਦੋਵੇਂ ਗੁਲਦਸਤੇ ਸਟੇਜ ਤੇ ਆਉਣਗੇ। ਜਿਵੇਂ ਇਹ ਸੇਰਾਮਨੀ ਮਨਾਉਂਦੇ ਹਨ ਤਾਂ ਉਹ ਵੀ ਸੇਰਾਮਨੀ ਮਨਾਏਗੇ। ਦੋਵੇਂ ਗੁਲਦਸਤਿਆਂ ਦੀ, ਭਾਰਤ ਦੀ ਵੀ ਵਿਦੇਸ਼ ਦੀ ਵੀ। ਠੀਕ ਹੈ? ਵਿਦੇਸ਼ ਵਾਲੇ ਕੀ ਸਮਝਦੇ ਹਨ? ਠੀਕ ਹੈ। ਤਾਂ ਦੂਸਰੀ ਸੀਜਨ ਵਿੱਚ ਲਿਆਉਣਗੇ। ਲਿਆਉਣਾ ਹੈ? ਭਾਰਤ ਵਾਲੇ ਲਿਆਉਣਗੇ?

ਲੈਕਿਕ ਅਲੌਕਿਕ ਆਕੂਪੇਸ਼ਨ ਦੇ ਬੈਲੇਂਸ ਵਾਲੇ। ਤੁਸੀਂ ਜਿਵੇਂ ਸਿਰਫ਼ ਬ੍ਰਾਹਮਣ ਜੀਵਨ ਵਾਲੇ ਨਹੀਂ, ਲੌਕਿਕ ਵੀ ਅਲੌਕਿਕ ਵੀ। ਉਹਨਾਂ ਦਾ ਪ੍ਰਭਾਵ ਜ਼ਿਆਦਾ ਹੋਵੇਗਾ। ਤੁਸੀਂ ਲੋਕਾਂ ਨਾਲ ਕੋਲੋਂ ਦ੍ਰਿਸ਼ਟੀ ਲੈਣ ਆਣਗੇ। ਅੱਛਾ - ਕੀ ਸੋਚ ਰਹੀ ਹੈ, ਜਯੰਤੀ।

ਨਾਮ ਸੋਚ ਰਹੀ ਹੈ ਕੀ? ਇਹ ਨਿਰਮਲਾ, ਮੋਹਣੀ ਨਾਮ ਸੋਚ ਰਹੇ ਹਨ ਨਾ! ਇੱਥੇ ਪਾਂਡਵ ਦੇਖੋ, ਭਾਰਤ ਦੇ ਪਾਂਡਵ ਕੋਈ ਘਟ ਹਨ, ਸੁਭਾਨਅੱਲਾ ਹੈ। ਇਹ ਦੇਖੋ, ਕੁਝ -ਕੁਝ ਤਾਂ ਬੈਠੇ ਵੀ ਹਨ। ਇਹ ਬ੍ਰਾਇਨ ਸਾਹਮਣੇ ਬੈਠਾ ਹੈ ਨਾ! (ਆਸਟ੍ਰੇਲੀਆਂ ਦੇ ਬ੍ਰਾਇਨ ਭਰਾ ਨਾਲ) ਗੁਲਦਸਤਾ ਤਿਆਰ ਕਰਨਾ ਹੈ ਨਾ! ਬਹੁਤ ਵਧੀਆ -ਵਧੀਆ ਕੀ ਨਾਮ ਦਿੰਦੇ ਹੋ! ਏਂਨ.ਸੀ.ਓ.,ਅੱਛਾ। ਫ਼ਾਰੇਨ ਦੇ ਏਂਨ.ਸੀ.ਓ. ਵਾਲੇ ਹੱਥ ਉਠਾਓ। ਏਂਨ.ਸੀ.ਓ ਬਣਨਾ ਸਹਿਜ ਨਹੀਂ ਹੈ, ਕਮਾਲ ਕਰਨਾ ਪਵੇਗਾ। ਕਰ ਸਕਦੇ ਹਨ ਕੋਈ ਵੱਡੀ ਗੱਲ ਨਹੀਂ ਹੈ ਕਿਉਂਕਿ ਧਰਨੀ ਤਿਆਰ ਹੈ। ਬੀਜ਼ ਵੀ ਪਿਆ ਹੋਇਆ ਹੈ ਸਿਰਫ਼ ਪਾਲਣਾ ਦਾ ਪਾਣੀ ਦੇਣਾ ਹੈ। ਹੁਣ ਬੀਜ਼ ਨੂੰ ਪਾਲਣਾ ਦਾ ਪਾਣੀ ਚਾਹੀਦਾ ਹੈ। ਅੱਛਾ।

ਟੀਚਰਸ ਵੀ ਬਹੁਤ ਆਇਆਂ ਹਨ। ਟੀਚਰਸ ਨੂੰ ਵੀ ਮੁਬਾਰਕ ਹੈ। ਆਪਣੇ ਹੀ ਤਾਂ ਸੇਵਾ ਕੀਤੀ ਹੈ ਨਾ! ਤਾਂ ਸੇਵਾ ਦੀ ਮੁਬਾਰਕ। ਅੱਛਾ। ਗੁਜ਼ਰਾਤ ਦੀ ਕੀ ਹਾਲ ਹੈ? (ਗੁਜ਼ਰਾਤ ਵਿੱਚ ਬਹੁਤ ਵੱਡਾ ਭੁਕੰਮਪ ਆਇਆ ਹੈ) ਹਲਚਲ ਗੁਜ਼ਰਾਤ ਵਿੱਚ ਸ਼ੁਰੂ ਹੋਈ ਹੈ। ਜ਼ਿਆਦਾ ਹਲਚਲ ਗੁਜ਼ਰਾਤ ਅਤੇ ਵਿਦੇਸ਼ ਵੀ ਥੋੜੀ - ਥੋੜੀ ਸ਼ੁਰੂ ਹੋਈ ਹੈ। ਡਰਦੇ ਤਾਂ ਨਹੀਂ ਹੋ ਨਾ! ਧਰਨੀ ਤਾਂ ਹਿਲਦੀ ਹੈ ਪਰ ਦਿਲ ਤੇ ਨਹੀਂ ਹਿਲਦਾ ਹੈ ਨਾ! ਜਿੱਥੇ ਧਰਤੀ ਹਿਲੀ ਹੈ, ਨੁਕਸਾਨ ਹੋਇਆ ਹੈ, ਉੱਥੇ ਤੋਂ ਜੋ ਆਏ ਹਨ ਉਹ ਹੱਥ ਉਠਾਓ। ਅਹਿਮਦਾਬਾਦ ਵਾਲੇ ਵੀ ਉਠੋ। ਅੱਛਾ। ਦਿਲ ਹਿਲਿਆ ਕਿ ਧਰਨੀ ਹਿਲੀ? ਕੀ ਹੋਇਆ? ਦਿਲ ਵਿੱਚ ਥੋੜਾ ਇਵੇਂ - ਇਵੇਂ ਹੋਇਆ? ਨਹੀਂ ਹੋਇਆ !ਬਹਾਦੁਰ ਹਨ। ਬਾਪਦਾਦਾ ਨੇ ਦੇਖਿਆ ਕਿ ਬੱਚਿਆਂ ਨੇ ਆਪਣੇ ਹਿੰਮਤ ਅਤੇ ਬਾਪ ਦੀ ਛਤਰਛਾਇਆ ਨਾਲ ਚੰਗਾ ਆਪਣਾ ਰਿਕਾਰਡ ਰੱਖਿਆ। ਕੋਈ ਫੇਲ੍ਹ ਨਹੀਂ ਹੋਇਆ, ਸਭ ਪਾਸ ਹੋ ਗਏ, ਕੋਈ ਥੋੜਾ, ਕੋਈ ਜ਼ਿਆਦਾ। ਨੰਬਰਵਾਰ ਤਾਂ ਸਭ ਹੁੰਦਾ ਹੀ ਹੈ ਹਰ ਜਗਹ। ਪਰ ਪਾਸ ਹਨ।ਮੁਬਾਰਕ ਹੋਵੇ। ਸਭਤੋਂ ਜ਼ਿਆਦਾ ਨਾਜ਼ੁਕ ਸਥਾਨ ਤੋਂ ਕੌਣ ਆਏ ਹਨ? (ਇੱਕ ਭੁਜ ਦੀ ਅਤੇ ਇੱਕ ਭਚਾਉ ਦੀ ਭੈਣ ਹੈ) ਅੱਛਾ, ਭੁਜ ਵਿੱਚ ਤੁਸੀਂ ਤਾਂ ਹਜ਼ਾਰ ਭੁਜਾਵਾਂ ਵਾਲੀਆਂ ਦੇ ਨਾਲ ਸੀ। ਅੱਛਾ, ਪੇਪਰ ਵਿੱਚ ਪਾਸ। ਬਹੁਤ ਚੰਗਾ ਕੀਤਾ। ਅੱਗੇ ਵੀ ਹਿੱਲਣਾ ਨਹੀਂ। ਹੁਣ ਤਾਂ ਹੁੰਦਾ ਰਹੇਗਾ। ਘਬਰਾਉਣਾ ਨਹੀਂ। (ਰੋਜ਼ ਹੁੰਦਾ ਹੈ) ਹੋਣ ਦੋ। ਦੇਖੋ ਪਰਿਵਰਤਨ ਤਾਂ ਹੋਣਾ ਹੈ ਨਾ! ਤਾਂ ਪ੍ਰਕ੍ਰਿਤੀ ਵੀ ਆਪਣਾ ਕੰਮ ਕਰੇਗੀ ਨਾ! ਜਦੋਂ ਮਨੁੱਖ ਆਤਮਾਵਾਂ ਨੇ ਪ੍ਰਕ੍ਰਿਤੀ ਨੂੰ ਤਮੋਗੁਣੀ ਬਣਾ ਦਿੱਤਾ, ਤਾਂ ਉਹ ਆਪਣਾ ਕੰਮ ਕਰੇਗੀ ਨਾ। ਪਰ ਹਰ ਖੇਡ, ਡਰਾਮੇ ਦੇ ਖੇਡ ਵਿੱਚ ਇਹ ਵੀ ਖੇਡ ਹੈ। ਖੇਡ ਨੂੰ ਦੇਖਦੇ ਹੋਏ ਆਪਣੀ ਅਵਸਥਾ ਥਲੇ ਉਪਰ ਨਹੀਂ ਕਰਨਾ। ਮਾਸਟਰ ਸਰਵਸ਼ਕਤੀਮਾਨ ਆਤਮਾਵਾਂ ਦੀ ਖੁਦ -ਸਥਿਤੀ ਤੇ ਪਰ - ਸਥਿਤੀ ਪ੍ਰਭਾਵ ਨਹੀਂ ਪਾਏ। ਹੋਰ ਹੀ ਆਤਮਾਵਾਂ ਨੂੰ ਮਾਨਸਿਕ ਪ੍ਰੇਸ਼ਾਨੀਆਂ ਤੋਂ ਛੁਡਾਉਣ ਦੇ ਨਿਮਿਤ ਬਣੋ ਕਿਉਂਕਿ ਮਨ ਦੀ ਪ੍ਰੇਸ਼ਾਨੀ ਤੁਸੀਂ ਮੈਡੀਟੇਸ਼ਨ ਨਾਲ ਮਿਟਾ ਸਕਦੇ ਹੋ। ਡਾਕਟਰਸ ਆਪਣਾ ਕੰਮ ਕਰਨਗੇ, ਸਾਂਇੰਸ ਵਾਲੇ ਆਪਣਾ ਕੰਮ ਕਰਨਗੇ, ਸਰਕਾਰ ਆਪਣਾ ਕੰਮ ਕਰੇਗੀ, ਤੁਹਾਡਾ ਕੰਮ ਹੈ ਮਨ ਦੀ ਪ੍ਰੇਸ਼ਾਨੀ, ਟੈਨਸ਼ਨ ਨੂੰ ਮਿਟਾਉਣਾ। ਟੈਨਸ਼ਨ ਫ੍ਰੀ ਜੀਵਨ ਦਾ ਦਾਨ ਦੇਣਾ। ਸਹਿਯੋਗ ਦੇਣਾ। ਜਿਵੇਂ ਵਰਤਮਾਨ ਸਮੇਂ ਦੇਸ਼ ਵਿਦੇਸ਼ ਵਾਲੇ ਸਹਿਯੋਗੀ ਬਣ ਸਹਿਯੋਗ ਦੇ ਰਹੇ ਹਨ ਨਾ! ਇਹ ਬਹੁਤ ਵਧੀਆ ਕਰ ਰਹੇ ਹੱਨ ਨਾ! ਇਸਨਾਲ ਸਿੱਧ ਹੁੰਦਾ ਹੈ ਕਿ ਭਾਵੇਂ ਵਿਦੇਸ਼ ਹੋਵੇ, ਭਾਵੇਂ ਕੋਈ ਵੀ ਹੋਵੇ ਪਰ ਭਾਰਤ ਦੇਸ਼ ਨਾਲ ਪਿਆਰ ਹੈ। ਹਰ ਇੱਕ ਆਪਣਾ - ਆਪਣਾ ਕੰਮ ਤੇ ਕਰ ਰਹੇ ਹਨ, ਤੁਸੀਂ ਆਪਣਾ ਕੰਮ ਕਰ ਰਹੇ ਹੋ। ਜਿਵੇਂ ਅਗ ਲੱਗਦੀ ਹੈ ਤਾਂ ਅੱਗ ਬੁਝਾਉਣ ਵਾਲੇ ਡਰਦੇ ਨਹੀਂ ਹਨ, ਬੁਝਾਉਂਦੇ ਹਨ। ਤੁਸੀਂ ਸਭ ਵੀ ਮਨ ਦੀ ਪ੍ਰੇਸ਼ਾਨੀ ਦੀ ਅੱਗ ਬੁਜਾਉਂਣ ਵਾਲੇ ਹੋ। ਅੱਛਾ।

ਤਾਂ ਗੁਜਰਾਤ ਮਜਬੂੱਤ ਹੈ ਨਾ! ਭੁਜਾਵਾਂ ਦੀ ਛਤਰਛਾਇਆ ਵਿੱਚ ਹੋ। ਕਿੱਥੇ ਵੀ ਆਏ, ਹੁਣ ਤਾਂ ਗੁਜ਼ਰਾਤ ਨੂੰ ਦੇਖਕੇ ਅਨੁਭਵੀ ਹੋ ਗਏ ਹੋ ਨਾ। ਦੇਖੋ ਪ੍ਰਕ੍ਰਿਤੀ ਨੂੰ ਕੋਈ ਮਨਾ ਨਹੀਂ ਕਰ ਸਕਦਾ ਹੈ, ਗੁਜ਼ਰਾਤ ਵਿੱਚ ਆਓ, ਅਬੂ ਵਿੱਚ ਨਹੀਂ ਆਓ, ਬੰਬੇ ਵਿੱਚ ਨਹੀਂ ਆਓ।ਨਹੀਂ ਉਹ ਸੁਤੰਤਰ ਹੈ। ਪਰ ਸਭ ਨੂੰ ਆਪਣੇ ਖੁਦ -ਸਥਿਤੀ ਨੂੰ ਅਚਲ - ਅਡੋਲ ਅਤੇ ਆਪਣੇ ਬੁੱਧੀ ਨੂੰ, ਮਨ ਦੇ ਲਾਇਨ ਨੂੰ ਕਲੀਅਰ ਰੱਖਣਾ ਹੈ। ਲਾਇਨ ਕਲੀਅਰ ਹੋਵੇਗੀ ਤਾਂ ਟਚਿੰਗ ਹੋਵੇਗੀ। ਬਾਪਦਾਦਾ ਨੇ ਪਹਿਲੇ ਵੀ ਕਿਹਾ ਸੀ ਉਹਨਾਂ ਨੂੰ ਵਾਇਰਲੈਸ ਹੈ, ਤੁਹਾਡੀ ਵਾਇਰਲੈਸ ਬੁੱਧੀ ਹੈ। ਕੀ ਕਰਨਾ ਹੈ, ਕੀ ਹੋਣਾ ਹੈ, ਇਹ ਨਿਰਣੇ ਸਪਸ਼ਟ ਅਤੇ ਜਲਦੀ ਹੋਵੇਗਾ। ਇਵੇਂ ਸੋਚਦੇ ਰਹੋ ਬਾਹਰ ਨਿਕਲੇ, ਅੰਦਰ ਬੈਠੇ, ਦਰਵਾਜ਼ੇ ਵਿੱਚ ਬੈਠੇ, ਛੱਤ ਤੇ ਬੈਠੇ। ਨਹੀਂ। ਤੁਹਾਡੇ ਪੈਰ ਉੱਥੇ ਹੀ ਚਲਣਗੇ ਜਿੱਥੇ ਸੇਫਟੀ ਹੋਵੇਗੀ। ਜੇਕਰ ਬਹੁਤ ਘਬਰਾ ਜਾਓ, ਘਬਰਾਉਣਾ ਤੇ ਨਹੀਂ ਚਾਹੀਦਾ , ਪਰ ਬਹੁਤ ਘਬਰਾ ਜਾਓ, ਬਹੁਤ ਡਰ ਲਗੇ ਤਾਂ ਮਧੁਬਨ ਏਸ਼ਲਮ ਤੁਹਾਡਾ ਘਰ ਹੈ। ਡਰਨਾ ਨਹੀਂ। ਹਾਲੇ ਤੇ ਕੁਝ ਨਹੀਂ ਹੈ, ਹਾਲੇ ਤੇ ਸਭ ਕੁਝ ਹੋਣਾ ਹੈ, ਡਰਨਾ ਨਹੀਂ, ਖੇਲ੍ਹ ਹੈ। ਪਰਿਵਰਤਨ ਹੋਣਾ ਹੀ ਹੈ। ਵਿਨਾਸ਼ ਨਹੀਂ, ਪਰਿਵਰਤਨ ਹੋਣਾ ਹੈ। ਸਭਵਿੱਚ ਵੈਰਾਗ ਵਰਤੀ ਪੈਦਾ ਹੋਣੀ ਹੈ। ਰਹਿਮਦਿਲ ਬਣ ਸਰਵ ਸ਼ਕਤੀਆਂ ਦਵਾਰਾ ਸਾਕਸ਼ ਦੇ ਰਹਿਮ ਕਰੋ! ਸਮਝਾ! ਅੱਛਾ।

ਹੁਣ ਇੱਕ ਸੇਕੇਡ ਵਿੱਚ ਮਨ ਬੁੱਧੀ ਨੂੰ ਇਕਾਗਰ ਕਰ ਸਕਦੇ ਹੋ? ਬਸ ਸਟਾਪ ਹੋ ਜਾਏ। ਹੁਣ ਇਕ ਸੈਕਿੰਡ ਦੇ ਲਈ ਮਨ ਅਤੇ ਬੁੱਧੀ ਨੂੰ ਇਕਦਮ ਇਕਾਗਰ ਬਿੰਦੂ, ਬਿੰਦੂ ਵਿੱਚ ਸਮਾ ਜਾਓ। ਅੱਛਾ (ਬਾਪਦਾਦਾ ਨੇ ਡ੍ਰਿਲ ਕਰਾਈ)

ਚਾਰੋਂ ਪਾਸੇ ਦੇ ਸਰਵ ਸ਼੍ਰੇਸ਼ਠ ਬ੍ਰਾਹਮਣ ਆਤਮਾਵਾਂ ਨੂੰ, ਚਾਰੋਂ ਪਾਸੇ ਦੇ ਸਦਾ ਦ੍ਰਿੜ੍ਹ ਸੰਕਲਪ ਦਾ ਵਰਤ ਰੱਖਣ ਵਾਲੇ ਅਚਲ ਆਤਮਾਵਾਂ ਨੂੰ, ਚਾਰੋਂ ਪਾਸੇ ਦੇ ਸਰਵ ਹਿੰਮਤ - ਹੁਲਾਸ ਨਾਲ ਸਵ ਸੇਵਾ ਅਤੇ ਲੋਕ ਕਲਿਆਣ ਦੀ ਸੇਵਾ ਕਰਨ ਵਾਲੇ ਮਹਾਨ ਸੇਵਾਧਾਰੀ

ਆਤਮਾਵਾਂ ਨੂੰ, ਅੱਜ ਦੇ ਸ਼ਿਵ ਜਯੰਤੀ ਦੀ, ਹੀਰੇ ਤੁਲਜ ਜਯੰਤੀ ਦੀ, ਨਿਆਰੀ ਅਤੇ ਪਿਆਰੀ ਜਯੰਤੀ ਦੀ ਮੁਬਾਰਕ ਹੋਵੇ, ਅਤੇ ਦੁਆਵਾਂ ਦੇ ਨਾਲ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਬਾਪ ਦੇ ਸਨੇਹ ਨੂੰ ਦਿਲ ਵਿੱਚ ਧਾਰਨ ਕਰ ਸਰਵ ਅਕਰਸ਼ਨਾਂ ਤੋਂ ਮੁਕਤ ਰਹਿਣ ਵਾਲੇ ਸੱਚੇ ਸਨੇਹੀ ਭਵ
ਬਾਪ ਸਭ ਬੱਚਿਆਂ ਨੂੰ ਇੱਕ ਵਰਗਾ ਸੇਨਹ ਦਿੰਦੇ ਹਨ ਪਰ ਬੱਚੇ ਆਪਣੀ ਸ਼ਕਤੀ, ਅਨੁਸਾਰ ਸਨੇਹ ਨੂੰ ਧਾਰਨ ਕਰਦੇ ਹਨ। ਜੋ ਅੰਮ੍ਰਿਤਵੇਲੇ ਦੇ ਆਦਿ ਸਮੇਂ ਤੇ ਬਾਪ ਦੇ ਸਨੇਹ ਨੂੰ ਧਾਰਨ ਕਰ ਲੈਂਦੇ ਹਨ, ਤਾਂ ਦਿਲ ਵਿੱਚ ਪਰਮਾਤਮ ਸਨੇਹ ਸਮਾਇਆ ਹੋਣ ਦੇ ਕਾਰਨ ਹੋਰ ਕੋਈ ਸਨੇਹ ਉਹਨਾਂ ਨੂੰ ਆਕਰਸ਼ਿਤ ਨਹੀਂ ਕਰ ਕਰਦਾ। ਜੇਕਰ ਦਿਲ ਵਿੱਚ ਪੂਰਾ ਪਿਆਰ ਧਾਰਨ ਨਹੀਂ ਕਰਦੇ ਤਾਂ ਦਿਲ ਵਿੱਚ ਜੱਗਹ ਹੋਣ ਦੇ ਕਾਰਨ ਮਾਇਆ ਭਿੰਨ - ਭਿੰਨ ਰੂਪ ਨਾਲ ਅਨੇਕ ਸਨੇਹ ਵਿੱਚ ਆਕਰਸ਼ਿਤ ਕਰ ਲੈਂਦੀ ਹੈ ਇਸਲਈ ਸੱਚੇ ਸਨੇਹੀ ਬਣ ਪ੍ਰਮਾਤਮ ਪਿਆਰ ਨਾਲ ਭਰਭੂਰ ਰਹੋ।

ਸਲੋਗਨ:- ਦੇਹ, ਦੇਹ ਦੀ ਪੁਰਾਣੀ ਦੁਨੀਆਂ ਅਤੇ ਸੰਬੰਧਾਂ ਤੋਂ ਉਪਰ ਉਡਣ ਵਾਲੇ ਹੀ ਇੰਦਰਪ੍ਰਸਤ ਨਿਵਾਸੀ ਹਨ।

******

ਸੂਚਨਾ **:-** ਅੱਜ ਮਹੀਨੇ ਦਾ ਤੀਸਰਾ ਰਵਿਵਾਰ ਅੰਤਰਰਾਸ਼ਟਰੀ ਯੋਗ ਦਿਵਸ ਹੈ , ਸਭ ਬ੍ਰਹਮਾ ਵਤਸ ਸੰਗਠਿਤ ਰੂਪ ਵਿੱਚ ਸ਼ਾਮ 6:30 ਤੋਂ 7:30 ਵਜੇ ਤੱਕ ਵਿਸ਼ੇਸ਼ ਰਹਿਮਦਿਲ ਬਾਪ ਦੇ ਨਾਲ ਆਪਣੇ ਮਾਸਟਰ ਰਹਿਮਦਿਲ ਸਵਰੂਪ ਵਿੱਚ ਸਥਿਤ ਹੋ, ਸਰਵ ਆਤਮਾਵਾਂ ਨੂੰ ਪਵਿੱਤਰਤਾ ਦਾ ਬਲ ਦੇਣ। ਪਵਿੱਤਰ ਵਾਈਬ੍ਰੇਸ਼ਨ ਵਾਯੂਮੰਡਲ ਵਿੱਚ ਫੈਲਾਉਣ ਦੀ ਸੇਵਾ ਕਰਨ।